ਸ਼ਹੀਦ ਭਾਈ ਮਤੀ ਦਾਸ ਸਕੂਲ ਦੇ ਵਿਦਿਆਰਥੀ ਜੁਝਾਰ ਸਿੰਘ ਨੇ ਰਾਜ ਪੱਧਰੀ ਸੋਲੋ ਡਰਾਮਾ ਮੁਕਾਬਲੇ ਵਿਚ ਪਹਿਲਾ ਸਥਾਨ ਕੀਤਾ ਪ੍ਰਾਪਤ

ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ, 21 ਨਵੰਬਰ :

ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਏ ਗਏ ਰਾਜ ਪੱਧਰੀ ਕਲਾ ਉਤਸਵ ਮੁਕਾਬਲਿਆਂ ਵਿੱਚ ਸਹੀਦ ਭਾਈ ਮਤੀ ਦਾਸ ਸੀਨੀਅਰ ਸਕੈਂਡਰੀ ਸਕੂਲ ਲੌਂਗੋਵਾਲ(ਮੁੰਡੇ)ਦੇ ਵਿਦਿਆਰਥੀ ਜੁਝਾਰ ਸਿੰਘ ਪੁੱਤਰ ਸ੍ਰੀ ਬੱਗਾ ਸਿੰਘ ਨੇ ਸੋਲੋ ਡਰਾਮਾ ਵਿਚ ਰਾਜ ਪੱਧਰ ਤੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਹ ਖੁਸੀ ਸਾਂਝੀ ਕਰਦਿਆਂ ਸਕੂਲ ਦੇ ਪ੍ਰਿੰਸਿਪਲ ਸ੍ਰੀ ਬਿਪਨ ਚਾਵਲਾ ਨੇ ਦੱਸਿਆ ਕਿ ਇਸ ਵਿਦਿਆਰਥੀ ਨੇ ਜਿ?ਲ੍ਹਾ ਪੱਧਰ (ਸੰਗਰੂਰ) ਅਤੇ ਜੋਨ ਪੱਧਰ (ਪਟਿਆਲਾ) ਤੇ ਵੀ ਪਹਿਲਾ ਸਥਾਨ ਹਾਸਲ ਕੀਤਾ ਸੀ । ਹੁਣ ਇਹ ਵਿਦਿਆਰਥੀ ਰਾਸਟਰੀ ਪੱਧਰ ਤੇ ਕਲਾ ਉਤਸਵ ਮੁਕਾਬਲੇ ਜੋ ਕਿ ਭੁਬਨੇਸਵਰ (ਉੜੀਸਾ)ਵਿੱਚ ਹੋਣ ਜਾ ਰਹੇ ਹਨ, ਵਿੱਚ ਭਾਗ ਲਵੇਗਾ । ਇਸ ਵਿਦਿਆਰਥੀ ਨੇ ਸਕੂਲ ,ਮਾਪਿਆਂ ਅਤੇ ਇਲਾਕੇ ਦਾ ਨਾਂ ਰੌਸਨ ਕੀਤਾ ਹੈ । ਇਸ ਦੀ ਮੁਬਾਰਕਬਾਦ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਜੀ ਵੱਲੋਂ ਵੀ ਆਪਣੇ ਫੇਸਬੁੱਕ ਅਕਾਊਂਟ ਤੇ ਦਿੱਤੀ ਗਈ । ਜਿ?ਲਾ ਸਿੱਖਿਆ ਅਫਸਰ ਸ੍ਰੀ ਕੁਲਤਰਨ ਜੀਤ ਸਿੰਘ ਅਤੇ ਡਿਪਟੀ ਡੀ.ਈ.ਓ ਸ੍ਰੀ ਅੰਗਰੇਜ ਸਿੰਘ ਵੱਲੋਂ ਫੋਨ ਤੇ ਪ੍ਰਿੰਸੀਪਲ ਸ੍ਰੀ ਬਿਪਨ ਚਾਵਲਾ ਜੀ, ਐਸ. ਐਮ. ਸੀ ਕਮੇਟੀ ਦੇ ਚੇਅਰਮੈਨ ਸ. ਜਗਸੀਰ ਸਿੰਘ ਬਬਲਾ ਅਤੇ ਸਮੂਹ ਸਟਾਫ ਨੂੰ ਮੁਬਾਰਕਬਾਦ ਦਿੱਤੀ ਗਈ । ਸਕੂਲ ਪਹੁੰਚਣ ਤੇ ਜੁਝਾਰ ਸਿੰਘ ਅਤੇ ਉਨ੍ਹਾਂ ਦੇ ਪਿਤਾ ਸ੍ਰੀ ਬੱਗਾ ਸਿੰਘ ਜੀ ਦਾ ਜੋਰਦਾਰ ਸਵਾਗਤ ਕੀਤਾ ਗਿਆ । ਸਵੇਰ ਦੀ ਸਭਾ ਵਿੱਚ ਸਟੇਜ ਦਾ ਸੰਚਾਲਨ ਸ੍ਰੀਮਤੀ ਦਮਨਜੀਤ ਕੌਰ ਪੰਜਾਬੀ ਮਿਸਟ੍ਰੈਸ ਵੱਲੋਂ ਕੀਤਾ ਗਿਆ। ਗਾਈਡ ਅਧਿਆਪਕ ਸ੍ਰੀਮਤੀ ਗੁਰਪ੍ਰੀਤ ਕੌਰ ਪੰਜਾਬੀ ਲੈਕਚਰਾਰ ,ਸ੍ਰੀਮਤੀ ਰਵਜੀਤ ਕੌਰ ਕਮਿਸਟਰੀ ਲੈਕਚਰਾਰ ਅਤੇ ਐਸ.ਐਮ.ਸੀ ਕਮੇਟੀ ਦੇ ਚੇਅਰਮੈਨ ਸ. ਜਗਸੀਰ ਸਿੰਘ ਬਬਲਾ ਵੱਲੋਂ ਆਏ ਮਹਿਮਾਨਾਂ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਗਿਆ। ਪ੍ਰਿੰਸੀਪਲ ਸ੍ਰੀ ਬਿਪਨ ਚਾਵਲਾ ਜੀ ਵੱਲੋਂ ਵੀ ਆਏ ਮਹਿਮਾਨਾਂ, ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਗਈ । ਜੁਝਾਰ ਸਿੰਘ ਦੇ ਪਿਤਾ ਸ. ਬੱਗਾ ਸਿੰਘ ਵੱਲੋਂ ਪ੍ਰਿੰਸੀਪਲ, ਚੇਅਰਮੈਨ ਅਤੇ ਸਮੂਹ ਸਟਾਫ ਦਾ ਧੰਨਵਾਦ ਕੀਤਾ ਗਿਆ ।

ਐਸ. ਡੀ. ਕੱਟੂ ਵਿਖੇ ਸੁੰਦਰ ਲਿਖਾਈ ਪ੍ਰਤਿਯੋਗਿਤਾ ਕਰਵਾਈ ਗਈ

ਆਜ਼ਾਦ ਸੋਚ, ਚੰਦ ਸਿੰਘ ਬੰਗੜ, ਬਰਨਾਲਾ, 20 ਨਵੰਬਰ :

ਵਿਦਿਆਰਥੀਆਂ ਦੀ ਲਿਖਾਈ ਵਿੱਚ ਨਿਖਾਰ ਲਿਆਉਣ ਦੇ ਉਦੇਸ ਨਾਲ ਐਸ.ਡੀ. ਪਬਲਿਕ ਸੀਨੀ. ਸੈਕੰ. ਸਕੂਲ, ਕੱਟੂ ਵਿਖੇ "ਸੁੰਦਰ ਲਿਖਾਈ ਮੁਕਾਬਲਾ " ਕਰਵਾਇਆ ਗਿਆ ਜਿਸ ਵਿੱਚ ਨਰਸਰੀ ਕਲਾਸ ਤੋਂ ਬਾਰ੍ਹਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਆਪਣੀ ਸੁੰਦਰ ਲਿਖਾਈ ਨਾਲ ਸਭ ਨੂੰ ਹੈਰਾਨ ਕਰ ਦਿੱਤਾ। ਕਲਾਸ ਅਨੁਸਾਰ ਆਪਣੀ ਸੁੰਦਰ ਲਿਖਾਈ ਸਦਕਾ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਦੇ ਪ੍ਰਬੰਧਕਾਂ ਦੁਆਰਾ ਸਨਮਾਨਿਤ ਕੀਤਾ ਗਿਆ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਅਰਚਨਾ ਦੱਤ ਜੀ ਨੇ ਕਿਹਾ ਕਿ ਸੁੰਦਰ ਲਿਖਾਈ ਲਿਖਣਾ ਇੱਕ ਕਲਾ ਹੈ ਅਤੇ ਉਹ ਇਹ ਕਲਾ ਆਪਣੇ ਸਕੂਲ ਦੇ ਹਰ ਇੱਕ ਵਿਦਿਆਰਥੀ ਵਿੱਚ ਦੇਖਣਾ ਚਾਹੁੰਦੇ ਹਨ। ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਨੂੰ ਆਪਣੀ ਲਿਖਾਈ ਵਿੱਚ ਸੁੰਦਰਤਾ ਲਿਆਉਣ ਵਾਸਤੇ ਬਹੁਤ ਉਤਸ਼ਾਹਿਤ ਕਰਦੇ ਹਨ।

ਮਾਡਰਨ ਸੈਕੂਲਰ ਸਕੂਲ ਦੇ ਬੱਚਿਆਂ ਦਾ ਲਗਵਾਇਆ ਵਿੱਦਿਅਕ ਟੂਰ

ਆਜ਼ਾਦ ਸੋਚ, ਪਰਿੰਸ ਜਿੰਦਲ, ਭੀਖੀ, 21 ਨਵੰਬਰ :

ਸਥਾਨਕ ਮਾਡਰਨ ਸੈਕੂਲਰ ਪਬਲਿਕ ਸਕੂਲ ਵੱਲੋਂ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਸਤਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਦਾ ਸ਼ਿਮਲਾ ਅਤੇ ਗਿਆਰਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਦਾ ਜੈਪੁਰ ਦਾ ਵਿਦਿਅਕ ਟੂਰ ਆਯੋਜਿਤ ਕੀਤਾ ਗਿਆ। ਬੱਚਿਆਂ ਨੂੰ ਸ਼ਿਮਲੇ ਵਿਖੇ ਕਈ ਜਗਾਵਾਂ ਤੇ ਲਿਜਾਇਆ ਗਿਆ। ਇਸ ਦੌਰਾਨ ਪਹਿਲੇ ਦਿਨ ਵਿਦਿਆਰਥੀਆਂ ਲਈ ਤਾਰਾ ਦੇਵੀ ਵਿਖੇ ਭਾਰਤ ਸਕਾਊਟਸ ਅਤੇ ਗਾਇਡਸ ਵਲੋਂ ਇਕ ਕੈਂਪ ਵੀ ਆਯੋਜਿਤ ਕੀਤਾ ਗਿਆ ਜਿੱਥੇ ਕਿ ਉਹਨਾਂ ਵੱਲੋਂ ਵਿਦਿਆਰਥੀਆਂ ਦੀ ਟਰੈਕਿੰਗ ਅਤੇ ਹੋਰ ਗਤੀਵਿਧੀਆਂ ਵੀ ਕਰਵਾਈਆਂ ਗਈਆਂ।ਦੂਸਰੇ ਦਿਨ ਬੱਚਿਆਂ ਨੂੰ ਸ਼ਿਮਲਾ ਮਾਲ ਰੋਡ,ਜਾਖੂ ਮੰਦਰ ਅਤੇ ਚਰਚ ਲਿਜਾਇਆ ਗਿਆ। ਜਦੋਂ ਕਿ ਜੈਪੁਰ ਟੂਰ ਵਾਲੇ ਬੱਚਿਆਂ ਨੇ ਵੀ ਬਹੁਤ ਆਨੰਦ ਮਾਣਿਆ। ਵਿਦਿਆਰਥੀਆਂ ਨੇ ਪਹਿਲੇ ਦਿਨ ਹਵਾ ਮਹਿਲ, ਜੰਤਰ ਮੰਤਰ, ਆਮੇਰ ਕਿਲਾ ਅਤੇ ਜਲ ਮਹਿਲ ਵੇਖਿਆ। ਇਹਨਾਂ ਸਭ ਦੀ ਮਹੱਤਤਾਂ ਬਾਰੇ ਦਸੱਣ ਲਈ ਬਚਿਆਂ ਨੂੰ ਇੱਕ ਗਾਇਡਰ ਦੀ ਸਹੂਲਤ ਵੀ ਪ੍ਰਾਪਤ ਹੋਈ। ਦੂਸਰੇ ਦਿਨ ਬੱਚਿਆਂ ਨੂੰ ਬਿਰਲਾ ਮੰਦਿਰ, ਵਰਲਡ ਟਰੇਡ ਪਾਰਕ ਅਤੇ ਕੰਚਨ ਕੇਸਰੀ ਲਿਜਾਇਆ ਗਿਆ। ਪ੍ਰਿੰਸੀਪਲ ਸੰਦੀਪ ਕੌਰ ਨੇ ਦੱਸਿਆ ਕਿ ਇਸ ਤਰਾਂ ਦੇ ਵਿਦਿਅਕ ਟੂਰ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਜਰੂਰੀ ਹਨ, ਜਿਸ ਨਾਲ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਹੁੰਦਾ ਹੈ। ਇਸ ਮੌਕੇ ਨਰਿੰਦਰ ਕੌਰ, ਪਰਮਵੀਰ ਕੌਰ, ਰਮਨਪ੍ਰੀਤ ਕੌਰ ਨੇ ਸ਼ਿਮਲਾ ਅਤੇ ਸਰਬਜੀਤ ਕੌਰ, ਰੁਪਿੰਦਰ ਕੌਰ ਨੇ ਜੈਪੁਰ ਟੂਰ ਵਾਲੇ ਵਿਦਿਆਰਥੀਆਂ ਨਾਲ ਜਾ ਕੇ ਅਹਿਮ ਭੂਮਿਕਾ ਨਿਭਾਈ।

ਸੈਮਰੋਕ ਇੰਟਰਨੈਸ਼ਨਲ ਪਬਲਿਕ ਸਕੂਲ 'ਚ ਐਫਲੂਜੈਂਟੀਆ 2022 ਸਲਾਨਾ ਸਮਾਗਮ ਕਰਵਾਇਆ

ਆਜਾਦ ਸੋਚ, ਜਗਮੇਲ ਢੱਡਵਾਲ, ਗੁਰਪ੍ਰੀਤ ਸਿੰਘ, ਤਪਾ ਮੰਡੀ, 21 ਨਵੰਬਰ :

ਨਜ਼ਦੀਕੀ ਪਿੰਡ ਜੈਮਲ ਸਿੰਘ ਵਾਲਾ ਦੇ ਸ਼ੈਮਰੋਕ ਇੰਟਰਨੈਸਨਲ ਪਬਲਿਕ ਸਕੂਲ ਦੇ ਚੇਅਰਮੈਨ ਸੁਖਮੀਤ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਸਕੂਲ ਚ ਸਾਲਾਨਾ ਸਮਾਗਮ ਐਫਲੂਜੈਂਟੀਆ 2022 ਪੂਰੇ ਜੋਸ਼ੋ-ਖਰੋਸ਼ ਨਾਲ ਆਰੰਭ ਹੋਇਆ। ਸਮਾਗਮ ਵਿਚ ਡਾ: ਕੁਲਵਿੰਦਰ ਸਿੰਘ ਸਰਾਂ ਪ੍ਰਿੰਸੀਪਲ ਰੌਇਲ ਗਰੁੱਪ ਆਫ ਕਾਲਜ ਬੌਰਾਵਲ (ਮਾਨਸਾ) ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ,ਜਦ ਕਿ ਕੁਲਵੀਰ ਸਿੰਘ ਗਿੱਲ ਨੇ ਵੀ ਸਮਾਗਮ ਵਿਚ ਹਾਜ਼ਰੀ ਲਗਵਾ ਕੇ ਪ੍ਰੋਗਰਾਮ ਨੂੰ ਚਾਰ ਚੰਨ ਲਗਾਏ। ਸਮਾਗਮ ਮੌਕੇ ਸਕੂਲ ਦੇ ਚੇਅਰਮੈਨ ਸੁਖਮੀਤ ਸਿੰਘ ਧਾਲੀਵਾਲ, ਮੈਡਮ ਮਨਪ੍ਰੀਤ ਕੌਰ ਧਾਲੀਵਾਲ ਅਤੇ ਪ੍ਰਿੰਸੀਪਲ ਮੈਡਮ ਟੇਰੈਸਾ ਜੋਸਫ਼ ਨੇ ਆਏ ਮਹਿਮਾਨਾਂ ਨੂੰ ਗੁਲਦਸਤੇ ਦੇ ਕੇ ਭਰਵਾਂ ਸਵਾਗਤ ਕੀਤਾ।ਸਮਾਗਮ ਦੀ ਸ਼ੁਰੂਆਤ ਆਏ ਮੁੱਖ ਮਹਿਮਾਨਾਂ ਵੱਲੋਂ ਸ਼ਮਾਂ ਰੌਸ਼ਨ ਕਰਕੇ ਕੀਤੀ ਗਈ,ਜਿਨਾਂ ਦਾ ਸਹਿਯੋਗ ਸਕੂਲ ਦੇ ਚੇਅਰਮੈਨ ਅਤੇ ਸਮੁੱਚੇ ਸਟਾਫ ਨੇ ਕੀਤਾ। ਸਮਾਗਮ ਦੀ ਸ਼ੁਰੂਆਤ ਚ ਸਕੂਲੀ ਬੱਚਿਆਂ ਵੱਲੋਂ ਗੁਰੂ ਸ਼ਬਦ ਗਾਇਨ ਪੇਸ਼ ਕੀਤਾ ਗਿਆ ਉਪਰੰਤ ਬੱਚਿਆਂ ਵਲੋਂ ਸਵਾਗਤੀ ਡਾਂਸ,ਹਿੰਦੀ ਡਾਂਸ,ਫ਼ੈਂਸੀ ਡਰੈੱਸ,ਮਾਇਮ,ਪੰਜਾਬੀ ਡਰਾਮਾ,ਵੈਸ਼ਟਰਨ ਡਾਂਸ,ਹਿੰਦੀ ਡਰਾਮਾ ਆਦਿ ਹੋਰ ਗਤੀਵਿਧੀਆਂ ਪੇਸ਼ ਕੀਤੀਆਂ। ਇਸ ਮੌਕੇ ਮੁੱਖ ਮਹਿਮਾਨ ਡਾ: ਕੁਲਵਿੰਦਰ ਸਿੰਘ ਸਰਾਂ ਨੇ ਆਪਣੇ ਭਾਸਣ ਵਿਚ ਸਕੂਲ ਨੂੰ ਸਮਾਗਮ ਦੀ ਵਧਾਈ ਦਿੱਤੀ ਅਤੇ ਸਕੂਲ ਵੱਲੋਂ ਕੀਤੇ ਗਏ ਪ੍ਰਬੰਧਾਂ ਦੀ ਖੂਬ ਪ੍ਰਸੰਸਾ ਕੀਤੀ।ਉਨਾਂ ਕਿਹਾ ਕਿ ਜਿੱਥੇ ਮਾਂ ਬੱਚੇ ਨੂੰ ਜਨਮ ਦੇ ਕੇ ਉਸ ਦੀ ਦੇਖ-ਭਾਲ ਕਰਦੀ ਹੈ, ਉੱਥੇ ਇਕ ਅਧਿਆਪਕ ਬੱਚੇ ਨੂੰ ਵਧੀਆ ਸਿੱਖਿਆ ਦੇ ਕੇ ਸਮਾਜ ਵਿਚ ਵਿਚਰਨ ਅਤੇ ਰਹਿਣ ਦੇ ਯੋਗ ਬਣਾਉਂਦਾ ਹੈ।ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਟੇਰੈਸਾ ਜੋਸਫ ਵਲੋਂ ਸਕੂਲ ਦੀ ਰਿਪੋਰਟ ਪੜੀ ਗਈ।ਛੋਟੇ ਬੱਚਿਆਂ ਨੇ ਵੱਖ-2 ਗਤੀਵਿਧੀਆਂ ਕਰਕੇ ਦਰਸ਼ਕਾਂ ਦਾ ਮਨ ਮੋਹ ਲਿਆ। ਉਪਰੰਤ ਨੰਨੇ ਬੱਚਿਆਂ ਵਲੋਂ ਪੰਜਾਬੀ ਲੋਕ ਨਾਚ ਭੰਗੜਾ ਅਤੇ ਗਿੱਧਾ ਪੇਸ ਕੀਤਾ ਗਿਆ।ਸਕੂਲ ਦੇ ਚੇਅਰਮੈਨ ਸੁਖਮੀਤ ਸਿੰਘ ਧਾਲੀਵਾਲ ਨੇ ਵੀ ਇਸ ਮੌਕੇ ਆਪਣੇ ਭਾਸਣ ਵਿਚ ਬੱਚਿਆਂ ਨੂੰ ਖੇਡਾਂ, ਪੜਾਈ ਅਤੇ ਹੋਰ ਗਤੀਵਿਧੀਆਂ ਚ ਹਿੱਸਾ ਲੈਣ ਲਈ ਪ੍ਰੇਰਿਆ।ਇਸ ਮੌਕੇ ਆਏ ਮੁੱਖ ਮਹਿਮਾਨਾਂ ਵੱਲੋਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਮੌਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ ਉਪਰੰਤ ਸਕੂਲ ਦੇ ਚੇਅਰਮੈਨ ਅਤੇ ਪ੍ਰਿੰਸੀਪਲ ਵੱਲੋਂ ਵੀ ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਡਾ:ਸੁਖਦੇਵ ਸਿੰਘ ਰਾਈਆ,ਵਿਸਾਖਾ ਸਿੰਘ ਸਿੱਧੂ ਸਕੂਲ ਦਾ ਸਟਾਫ ਅਤੇ ਵਿਦਿਆਰਥੀ ਉਨਾਂ ਦੇ ਮਾਪੇ ਵੱਡੀ ਗਿਣਤੀ ਵਿਚ ਹਾਜਰ ਸਨ ।

ਬਲਦੇਵ ਸਿੰਘ ਮਾਨ ਨੇ ਕੌਂਸਲਰ ਬਲਵਿੰਦਰ ਸਿੰਘ ਕਾਲਾ ਨਾਲ ਕੀਤਾ ਦੁੱਖ ਸਾਂਝਾ

ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ, 21 ਨਵੰਬਰ :

ਕਸਬੇ ਦੇ ਵਾਰਡ ਨੰਬਰ 2 ਤੋਂ ਨੌਜਵਾਨ ਕੌਂਸਲਰ ਬਲਵਿੰਦਰ ਸਿੰਘ ਕਾਲਾ ਦੇ ਪਿਤਾ ਕਰਨੈਲ ਸਿੰਘ ਦੇ ਦੇਹਾਂਤ ਕਾਰਨ ਪਰਿਵਾਰ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਅੱਜ ਸ਼੍ਰੋ. ਅ. ਦਲ ਬਾਦਲ ਦੇ ਹਲਕਾ ਸੁਨਾਮ ਇੰਚਾਰਜ ਬਲਦੇਵ ਸਿੰਘ ਮਾਨ ਨੇ ਕੌਂਸਲਰ ਬਲਵਿੰਦਰ ਸਿੰਘ ਕਾਲਾ ਤੇ ਉਨ੍ਹਾਂ ਦੇ ਪੂਰੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ । ਸ. ਮਾਨ ਨੇ ਕਿਹਾ ਕਿ ਸ. ਕਰਨੈਲ ਸਿੰਘ ਦੇ ਅਕਾਲ ਚਲਾਣੇ ਨਾਲ ਪਾਰਟੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ । ਇਸ ਮੌਕੇ ਸਰਪੰਚ ਸੁਖਵਿੰਦਰ ਸਿੰਘ ਚਹਿਲ, ਕੌਂਸਲਰ ਗੁਰਮੀਤ ਸਿੰਘ ਲੱਲੀ, ਕੌਂਸਲਰ ਰਣਜੀਤ ਸਿੰਘ ਕੁੱਕਾ ਅਤੇ ਬਾਬਾ ਕੁਲਵੰਤ ਸਿੰਘ ਕਾਂਤੀ ਆਦਿ ਮੌਜੂਦ ਸਨ।

ਪੀੜਤ ਪਰਿਵਾਰ ਨੂੰ ਮੁਆਵਜਾ ਦੇਣ ਤੋਂ ਬਾਅਦ ਪ੍ਰਦਰਸ਼ਨ ਸਮਾਪਤ

ਮਾਮਲਾ ਮੂਨਕ ਨੇੜੇ ਸੋਅ ਰੂਮ ਦਾ ਲੈਂਟਰ ਡਿੱਗਣ ਸਮੇਂ ਮਾਰੇ ਮਜਦੂਰ ਦਾ

ਅਜਾਦ ਸੋਚ ਸੰਭੂ ਗੋਇਲ ਲਹਿਰਾਗਾਗਾ 21 ਨਵੰਬਰ

ਨੇੜਲਾ ਕਸਬਾ ਮੂਨਕ ਵਿਖੇ ਵਪਾਰਕ ਕੰਪਲੈਕਸ ਦੀ ਉਸਾਰੀ ਸਮੇਂ ਮਾਰੇ ਗਏ ਪਿੰਡ ਢੀਂਡਸਾ ਦੇ ਨੌਜਵਾਨ ਮਜਦੂਰ ਅਤੇ ਜਖਮੀ ਮਜਦੂਰਾਂ ਦੇ ਵਾਰਸਾਂ ਨੂੰ ਅੱਜ ਸਾਢੇ ਸੱਤ ਲੱਖ ਰੁਪਏ ਦਾ ਮੁਆਵਜਾ ਦੇਣ ਅਤੇ ਮਿਰਤਕ ਗੁਰਪ੍ਰੀਤ ਸਿੰਘ ਦੇ ਬਾਪ ਨੂੰ ਨੌਕਰੀ ਦੇਣ ਦੀਆਂ ਪ੍ਰਸਾਸਨ ਵੱਲੋਂ ਮੰਗਾਂ ਪ੍ਰਵਾਨ ਕਰਨ ਉਪਰੰਤ ਅੱਜ ਪੰਜਾਬ ਖੇਤ ਮਜਦੂਰ ਯੂਨੀਅਨ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਕੀਤਾ ਜਾਣ ਰੇਲ ਜਾਮ ਦਾ ਸੱਦਾ ਵਾਪਸ ਲੈ ਕੇ ਪਿਛਲੇ 10 ਦਿਨਾਂ ਤੋਂ ਚਲਦਾ ਰੋਸ ਪ੍ਰਦਰਸਨ ਸਮਾਪਤ ਕਰ ਦਿੱਤਾ ਗਿਆ। ਇਸ ਉਪਰੰਤ ਪਿਛਲੇ ਦਸ ਦਿਨਾਂ ਤੋਂ ਪਈ ਮਿਰਤਕ ਦੀ ਲਾਸ ਦਾ ਪੋਸਟਮਾਰਟਮ ਕਰਵਾ ਕੇ ਸਸਕਾਰ ਕਰ ਦਿੱਤਾ ਗਿਆ। ਮਿਰਤਕ ਦੇ ਪੀੜਤ ਪਰਿਵਾਰ ਨੂੰ ਚੈੱਕ ਜਿ?ਲ੍ਹਾ ਪ੍ਰਸਾਸਨ ਵੱਲੋਂ ਤਹਿਸੀਲਦਾਰ ਮੂਨਕ ਪ੍ਰਵੀਨ ਕੁਮਾਰ ਵੱਲੋਂ ਲਹਿਰਾਗਾਗਾ ਤੋਂ ਆਪ ਵਿਧਾਇਕ ਬਰਿੰਦਰ ਗੋਇਲ ਦੇ ਦਫਤਰ ਅੱਗੇ ਧਰਨੇ ਤੇ ਜੁੜੇ ਇਕੱਠ ਚ ਆਕੇ ਸੌਂਪੇ ਗਏ।ਇਸ ਤੋਂ ਪਹਿਲਾਂ ਐਸ ਡੀ ਐਮ ਸੁਨਾਮ ਅਤੇ ਐਸ ਪੀ ਡੀ ਵੱਲੋਂ ਪੰਜਾਬ ਖੇਤ ਮਜਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਸੂਬਾ ਆਗੂ ਹਰਭਗਵਾਨ ਸਿੰਘ ਮੂਣਕ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜਿ?ਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ,ਬਲਾਕ ਪ੍ਰਧਾਨ ਜਸਵੰਤ ਸਿੰਘ ਤੋਲੇਵਾਲ ਤੇ ਰਿੰਕੂ ਮੂਣਕ ਅਤੇ ਪੀੜਤ ਪਰਿਵਾਰਾਂ ਨਾਲ ਕਈ ਗੇੜ ਦੀ ਗੱਲਬਾਤ ਕਰਕੇ ਮੰਗਾਂ ਪ੍ਰਵਾਨ ਕੀਤੀਆਂ ਗਈਆਂ। ਇਸ ਮੌਕੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਮਜਦੂਰ ਆਗੂ ਲਛਮਣ ਸਿੰਘ ਸੇਵੇਵਾਲਾ, ਗੋਪੀ ਗਿਰ ਕੱਲਰਭੈਣੀ ਬੀਕੇਯੂ ਏਕਤਾ ਉਗਰਾਹਾਂ ਦੇ ਜਿ?ਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ, ਬਹਾਲ ਸਿੰਘ ਢੀਂਡਸਾ ਵਿਦਿਆਰਥੀ ਆਗੂ ਹੁਸਿ?ਆਰ ਸਿੰਘ ਸਲੇਮਗੜ,ਲੋਕ ਮੋਰਚਾ ਪੰਜਾਬ ਦੇ ਆਗੂ ਰਾਮ ਸਿੰਘ ਢੀਂਡਸਾ ਨੇ ਸੰਬੋਧਨ ਕਰਦਿਆਂ ਆਖਿਆ ਕਿ ਅੱਜ ਰੇਲ ਰੋਕੋ ਐਕਸਨ ਦੇ ਦਬਾਅ ਹੇਠ ਹੀ ਪੀੜਤਾਂ ਦੀਆਂ ਮੰਗਾਂ ਪ੍ਰਵਾਨ ਕੀਤੀਆਂ ਹਨ। ਜਦੋਂ ਕਿ ਪਿਛਲੇ ਨੌਂ ਦਿਨਾਂ ਤੋਂ ਸਾਂਤਮਈ ਪ੍ਰਦਰਸਨ ਕਰਨ ਦੇ ਬਾਵਜੂਦ ਕਿਸੇ ਵੱਲੋਂ ਸੁਣਵਾਈ ਨਹੀਂ ਕੀਤੀ ਗਈ। ਉਹਨਾਂ ਕਿ ਰੇਲਾਂ ਤੇ ਸੜਕਾਂ ਜਾਮ ਕਰਨਾ ਉਹਨਾਂ ਦਾ ਸੌਕ ਨਹੀਂ ਸਗੋਂ ਸਰਕਾਰ ਵੱਲੋਂ ਜਥੇਬੰਦੀਆਂ ਨੂੰ ਸਖਤ ਕਦਮ ਚੁੱਕਣ ਲਈ ਮਜਬੂਰ ਕੀਤਾ ਜਾਂਦਾ ਹੈ। ਇਸ ਮੌਕੇ ਖੇਤ ਮਜਦੂਰ ਆਗੂ , ਗੁਰਜੰਟ ਸਿੰਘ ਢੀਂਡਸਾ, ਪਰਮਜੀਤ ਕੌਰ ਸਲੇਮਗੜ੍ਹ,ਕਿਸਾਨ ਆਗੂ ਧਰਮਿੰਦਰ ਸਿੰਘ ਪਿਸੌਰ, ਗੁਰਵਿੰਦਰ ਸਿੰਘ ਮੰਗਵਾਲ ਵੀ ਮੌਜੂਦ ਸਨ।

ਅਲਪਾਇਨ ਵੈਲੀ ਪਬਲਿਕ ਸਕੂਲ ਵਿੱਚ ਨੈਤਿਕ ਕਦਰਾਂ-ਕੀਮਤਾਂ ਸੰਬੰਧੀ ਸੈਮੀਨਾਰ